Surrey Schools
LEADERSHIP IN LEARNING

Aug. 31, 2011

# ਸਰ੍ਹੀ ਸਕੂਲਾਂ ਦੇ ਸੁਪਰਇਨਟੈਨਡੈਂਟ ਵਲੋਂ ਸਕੂਲਾਂ ਦੇ ਭਾਈਚਾਰੇ ਲਈ ਅਧਿਆਪਕਾਂ ਦੇ ਕੰਮ ਸਬੰਧੀ ਚਲ ਰਹੀ ਕਾਰਵਾਈ ਦਾ ਸੁਨੇਹਾ

(Superintendent's message regarding teacher job action)

ਹੁਣ ਤੱਕ ਆਪ ਸਭ ਨੂੰ ਇਹ ਪਤਾ ਚਲ ਹੀ ਗਿਆ ਹੋਵੇਗਾ ਕਿ ਅਧਿਆਪਕਾਂ ਦੀ ਬੀ.ਸੀ. ਫੈਡਰੇਸ਼ਨ ਅਤੇ ਸਰ੍ਹੀ ਦੇ ਅਧਿਆਪਕਾਂ ਦੀ ਅਸੋਸੀਏਸ਼ਨ ਨੇ ਅਧਿਆਪਕਾਂ ਦੇ ਕੰਮ ਸਬੰਧੀ ਚਲ ਰਹੀ ਗੱਲ ਬਾਤ ਦੇ ਪਹਿਲੇ ਸੂਰਤ ਦਾ ਐਲਾਨ ਕਰ ਦਿੱਤਾ ਹੈ। ਕਿਰਪਾ ਕਰਕੇ ਇਹ ਧਿਆਨ ਵਿੱਚ ਲਿਆਓਣਾ ਕਿ ਸਕੂਲ ਆਮ ਤੌਰ ਦੀ ਤਰਹ ਖੁਲ੍ਹੇ ਹਨ ਅਤੇ ਸਕੂਲਾਂ ਦੇ ਬਾਹਿਰ ਕੋਈ ਧਰਨਾਂ ਨਹੀਂ ਲਗੇਗਾ।

ਇਸ ਕੰਮ ਸਬੰਧੀ ਚਲ ਰਹੇ ਪਹਿਲੇ ਪੜਾਅ ਵਿੱਚ ਅਧਿਆਪਕ ਸਾਰੇ ਪ੍ਰਾਂਤ ਵਿੱਚ ਸਕੂਲਾਂ ਵਿੱਚ ਸਕੂਲ ਚਲਾਓਣ ਸਬੰਧੀ ਮੀਟਿੰਗਾਂ ਵਿੱਚ ਹਿੱਸਾ ਨਹੀਂ ਲੈਣਗੇ ਅਤੇ ਮੀਟਿੰਗਾਂ ਸਬੰਧਤ ਕਾਰੋਵਾਰਾਂ ਵਿੱਚ ਵੀ ਹਿੱਸਾ ਨਹੀਂ ਲੈਣਗੇ। ਇਸ ਦੇ ਨਾਲ ਨਾਲ, ਓਹ ਬੱਚਿਆਂ ਦੇ ਰੀਪੋਰਟ ਕਾਰਡ ਵੀ ਨਹੀਂ ਤਿਆਰ ਕਰਨਗੇ, ਪਰ 12ਵੀਂ ਵਾਲੇ ਵਿਦਿਆਂਰਥੀਆਂ ਦੇ ਵਜ਼ੀਫਿਆਂ ਅਤੇ ਕਾਲਿਜਾਂ ਵਿੱਚ ਦਾਖਲਾ ਲੈਣ ਲਈ ਅਤੇ ਸਕੂਲ ਸਮਾਪਤੀ ਲਈ ਆਖਰੀ ਨੰਬਰ ਤਿਆਰ ਕਰਨਗੇ।

ਸਰ੍ਹੀ ਸਕੂਲ ਡਿਸਟਰਿਕਟ, ਸੁਰਿਖਅਤ ਅਤੇ ਨਿਗਰਾਨੀ ਅਧੀਨ ਸਕੂਲ ਚਲਾਓਣ ਲਈ ਬਚਨਬੰਧ ਹੈ। ਇਸ ਸਮੇਂ ਦੌਰਾਨ ਮੈਨੇਜਰ ਅਤੇ ਹੋਰ ਕਰਮਚਾਰੀ ਬੱਚਿਆਂ ਦੀ ਨਿਗਰਾਨੀ ਸਕੂਲ ਤੋਂ ਪਹਿਲਾਂ, ਅੱਧੀ ਛੁੱਟੀ ਵੇਲੇ, ਦੁਪਿਹਰ ਦੇ ਖਾਣੇ ਵਕਤ ਅਤੇ ਸਕੂਲ ਤੋਂ ਬਾਅਦ ਕਰਨਗੇ। ਇਸ ਵੇਲੇ ਸਕੂਲਾਂ ਦੀ ਕਾਫੀ ਮਦਦ ਹੋ ਜਾਏਗੀ ਅਗਰ ਮਾਪੇ ਬੱਚਿਆਂ ਨੂੰ ਘੰਟੀ ਵੱਜਣ ਦੇ ਨਜ਼ਦੀਕ ਛੱਡਣ ਅਤੇ ਸਾਰੀ ਛੁੱਟੀ ਮਗਰੋਂ ਜਲਦੀ ਚੁੱਕ ਲੈਣ।

ਮਾਪਿਆਂ ਦੀ ਜਾਣਕਾਰੀ ਲਈ ਸਕੂਲਾਂ ਦੇ ਸੰਦੇਸ਼ ਪੱਤਰਾਂ, ਸਕੂਲਾਂ ਦੀਆਂ ਵੈਬ ਸਾਈਟਸ ਅਤੇ ਸਕੂਲ ਡਿਸਟਰਿਕਟ ਦੀ ਵੈਬ ਸਾਈਟ www.sd36.bc.ca ਰਾਹੀਂ ਵੇਲੇ ਸਿਰ ਦਿੱਤੀ ਜਾਂਦੀ ਰਹੇਗੀ, ਖਾਸ ਕਰਕੇ ਓਹ ਜਾਣਕਾਰੀ ਜਿਸ ਦਾ ਬੱਚਿਆਂ ਨਾਲ ਗੂੜ੍ਹਾ ਸਬੰਧ ਹੈ। ਤੁਸੀਂ ਇਸ ਚਲ ਰਹੇ ਸਕਾਰਣ ਦੇ ਵੱਖ ਵੱਖ ਕਾਰਣਾਂ ਬਾਰੇ ਹੋਰ ਜਾਣਕਾਰੀ ਬੀ.ਸੀ. ਦੇ ਪਬਲਿਕ ਇੰਪਲਾਇਰ ਐਸੋਸੀਏਸ਼ਨ ਦੀ ਵੈਬ ਸਾਈਟ www.bcpsea.bc.ca ਤੋਂ ਲੈ ਸਕਦੇ ਹੋ।

ਅੰਤ ਵਿੱਚ ਇਹ ਕਹਿਣਾ ਜ਼ਰੂਰੀ ਹੈ ਕਿ ਸਰ੍ਹੀ ਸਕੂਲ ਡਿਸਟਰਿਕਟ ਇਹ ਪ੍ਰਵਾਨ ਕਰਦੀ ਹੈ ਕਿ ਸਾਡੇ ਅਧਿਆਪਕ ਇੱਕ ਕਨੂੰਨੀ ਕਾਰਵਾਈ ਰਾਹੀ ਆਪਣੀਆਂ ਨੌਕਰੀਆਂ ਸਬੰਧੀ ਇਸ ਕਾਰਵਾਈ ਵਿੱਚ ਹਿੱਸਾ ਲੈ ਰਹੇ ਹਨ। ਅਸੀਂ ਇਸ ਗੱਲ ਦੇ ਕਦਰਦਾਨ ਹਾਂ ਕਿ ਕਈ ਵਾਰੀ ਇਸ ਤਰਾਂ ਦੇ ਹਾਲਤਾਂ ਦੌਰਾਨ ਕਈ ਤਰਾਂ ਦੀਆਂ ਔਖਿਆਈਆਂ ਪੇਸ਼ ਆਓਂਦੀਆਂ ਹਨ ਲੇਕਿਨ ਅਸੀਂ ਬੱਚਿਆਂ ਦੀ ਲਗਾਤਾਰ ਸਿਖਿਆ ਲਈ ਹਰ ਸਭੰਵ ਕੋਸ਼ਿਸ਼ ਕਰਨ ਲਈ ਬਚਨਬੰਧ ਹਾਂ।

ਤੁਹਡਾਂ ਸ਼ੁਭਚਿੰਤਕ,
ਮਾਈਕ ਮਕੇਹ (ਸਕੂਲਾਂ ਦਾ ਸੁਪਿਰਇਨਟੈਨਡੈਂਟ ਅਤੇ ਸੀ.ਈ.ਓ)

ਸਰ੍ਹੀ ਸਕੂਲ ਡਿਸਟਰਿਕਟ ਦੇ ਸੁਪਰਿਨਟੈਨਡੈਂਟ ਦਾ ਦਫਤਰ
14033 92 ਐਵਨਿਊ
ਸਰ੍ਹੀ ਬੀ.ਸੀ. ਵੀ3ਵੀ 0ਬੀ7
ਟੈਲੀਫੂਨ: 604-595-6308 ਫੈਕਸ: 604-595-6309
**www.sd36.bc.ca**